ਪੁਸਤਕ ਨੰਃ ੨੬ ਛਪੀ

ਚੰਦ੍ਰਕਾਂਤਾ

ਸੰਤਤਿ ਭਾਗ ੨੨ ਵਾਂ

ਸਭ ਹਰ ਕਾਮਦੇ ਹਨ ਕੁੰਵਰੀ ਨਾ ਛਾਪੇ।

ਸਮਸਯਾ ਪੂਰਤੀ ਦਾ ਇਨਾਮ ਅਗਲੇ ਪਰਚੇ ਵਿਚ ਛਪੇਗਾ।

ਕਾਸ਼ ਦੇਵਕੀ ਨੰਦਨ ਜੀ ਮੁੜੀ ਬਹਾਰਸ ਵਰਿਤ

ਮੰਗੌਣ ਦਾ ਪਤਾ-ਭਾਈ ਚਤਰਸਿੰਘ ਜੀਵਨਸਿੰਘ

ਪੁਸਤਕਾਂ ਵਾਲੇ, ਬਜਾਰ ਮਾਈ ਸੇਵਾਂ ਅਮ੍ਰਿਤਸਰ

੧ ਓ ਸਤਿਗੁਰਪ੍ਰਸਾਦਿ ॥

ਚੰਦ੍ਰਕਾਂਤਾ ਸੰਤਤਿ

ਭਾਗ ਬਾਈਵਾਂ

ਕਾਂਡ ਪਹਿਲਾ

ਭੂ੍ਤਨਾਥ ਦੀ ਦਸ਼ਾ ਨੇ ਸਭਨਾਂ ਦਾ ਧਿਆਨ ਅਪਨੇ ਵੱਲ ਖਿੱਚ ਲਿਆ, ਕੁਛ ਚਿਰ ਚੁਪ ਰਹੀ ਉਪ੍ਰੰਤ ਇੰਦ੍ਰਦੇਵ ਨੇ ਮਹਾਰਾਜ ਵੱਲ ਦੇਖਕੇ ਕਿਹਾ:-ਮਹਾਰਾਜ ! ਧਿਆਨ ਦੇਕੇ ਵਿਚਾਰਨ ਤੇ ਸਭਨਾਂ ਨੂੰ ਪਤਾ ਲੱਗ ਜਾਵੇਗਾ ਕਿ ਅੱਜ ਕੱਲ ਆਪ ਦਾ ਦਰਬਾਰ "ਨਾਟਕ ਸ਼ਾਲਾ" (ਥੀਏਟਰ) ਹੋ ਰਿਹਾ ਹੈ, ਨਾਟਕ ਖੇਡਕੇ ਜੋ ਜੋ ਗੱਲਾਂ ਦਿਖਾਈਆਂ ਜਾ ਸਕਦੀਆਂ ਹਨ ਅਰ ਜਿਨ੍ਹਾਂ ਨੂੰ ਦੇਖਨ ਨਾਲ ਲੋਕਾਂ ਨੂੰ ਨਸੀਹਤ ਹੁੰਦੀ ਹੈ ਅਥਵਾ ਮਲੂਮ ਹੋ ਸਕਦਾ ਹੈ ਕਿ ਸੰਸਾਰ ਵਿਚ ਕਿਸ ਹੱਦ ਤੱਕ ਨੇਕ ਤੇ ਬਦ, ਦੁਖੀਏ ਤੇ ਸੁ੍ਖੀਏ, ਰੰਙੀਰ ਤੇ ਹੋਛੇ ਆਦਿਕ ਮਿਲਦੇ ਹਨ ਓਹ ਸਭ ਇਸ ਸਮੇਂ ਆਪ ਦੇ ਸਾਹਮਣੇ ਪ੍ਰਤੱਖ ਪ੍ਰਮਾਨ ਹਨ ਅਰ ਜਿਨ੍ਹਾਂ ਨੇ ਅਪਨੇ ਪੈਰਾਂ ਵਿਚ ਆਪ ਕੁਹਾੜੀ ਮਾਰੀ ਓਹ ਭੀ ਦਿਸ ਰਹੇ ਹਨ, ਜਿਨ੍ਹਾਂ ਨੇ ਅਪਨੇ ਕੀਤੇ ਦਾ ਫਲ ਈਸ਼੍ਵਰ ਇੱਛਾ ਅਨੁਸਾਰ ਪਾ ਲਿਆ ਹੈ ਓਹ ਭੀ ਆਏ ਹੋਏ ਹਨ ਅਰ ਜਿਨ੍ਹਾਂ ਨੂੰ ਹੁਣ ਦੰਡ ਦਿੱਤਾ ਜਾਵੇਗਾ ਓਹ ਭੀ ਫੜੇ ਹੋਏ ਹਨ। ਬੁਧਵਾਨਾਂ ਦਾ ਕਥਨ ਹੈ ਕਿ "ਜੋ ਖੋਟੇ ਰਾਹ ਚਲੇਗਾ ਉਸਨੂੰ ਖੋਟਾ ਫਲ ਮਿਲੇਗਾ" ਇਹ ਠੀਕ ਹੈ ਪ੍ਰੰਤੂ ਕਦੀ ੨ ਇਹ ਭੀ ਹੁੰਦਾ ਹੈ ਕਿ ਭਲੇ ਰਾਹ ਚਲਣ ਵਾਲੇ ਜਾਂ ਨੇਕ ਪੁਰਸ਼

ਭੀ ਦੁਖ ਸਾਗਰ ਵਿਚ ਫਸ ਜਾਂਦੇ ਹਨ ਅਰ ਦੁਸ਼ਟ ਤੇ ਦੁਰਜਨ ਅਨੰਦ ਨਾਲ ਜੀਵਨ ਬਤੀਤ ਕਰਦੇ ਹਨ, ਇਸ ਨੂੰ ਲੋਕ ਗ੍ਰਹ ਦਸ਼ਾ ਦਾ ਕਾਰਨ ਸਮਝਦੇ ਹਨ। ਪਰ ਨਹੀਂ, ਇਸ ਦੇ ਬਿਨਾਂ ਕੋਈ ਹੋਰ ਕਾਰਨ ਭੀ ਹੈ, ਪ੍ਰਮਾਤਮਾਂ ਦੀ ਦਿਤੀ ਹੋਈ ਬੁਧੀ ਤੇ ਵਿਚਾਰ ਸ਼ਕਤੀ ਦਾ ਅਨਾਦਰ ਕਰਨ ਵਾਲੇ ਭੀ ਬਹੁਤਾ ਸੰਕਟ ਵਿਚ ਪੈ ਕੇ ਕਈ ਪ੍ਰਕਾਰ ਦੇ ਦੁਖ ਭੋਗਦੇ ਹਨ, ਮੇਰੇ ਕਹਿਣ ਦਾ ਤਾਤ-ਪਰਜ ਇਹ ਹੈ ਕਿ ਇਸ ਵੇਲੇ ਆਪ ਦੇ ਪਾਸ ਹਰ ਪ੍ਰਕਾਰ ਦੇ ਜੀਵ ਆਏ ਹੋਏ ਹਨ, ਹਾਂ ਮੈਂ ਇਹ ਕਹਿਣਾ ਤਾਂ ਭੁਲ ਹੀ ਗਿਆ ਕਿ ਇਨ੍ਹਾਂ ਵਿਚ ਓਹ ਲੋਕ ਭੀ ਆਏ ਹੋਏ ਹਨ ਜੋ ਆਪਣੇ ਕੀਤੇ ਦਾ ਨਹੀਂ ਸਗੋਂ ਆਪਣੇ ਕਿਸੇ ਸਨਬੰਧੀ ਦੇ ਕੀਤੇ ਪਾਪਾਂ ਦਾ ਫਲ ਭੋਗ ਚੁਕੇ ਹਨ, ਵਿਚਾਰੀ ਲਛਮੀ ਦੇਵੀ ਵਲ ਹੀ ਦੇਖ ਲਵੋ, ਇਸ ਨੇ ਕਿਸੇ ਦਾ ਕੁਛ ਨਹੀਂ ਵਿਗਾੜਿਆ ਅਤੇ ਹੈਰਾਨੀ ਹੈ ਕਿ ਅਜੇਹੇ ਕਰੜੇ ਦੁਖ ਸਹਾਰ ਕੇ ਭੀ ਇਹ ਬਚ ਗਏ ਹੈਂ ਅਜੇਹਾ ਕਿਉਂ ਹੋਯਾ ? ਇਸਦਾ ਉੱਤਰ ਇਹ ਹੈ ਕਿ ਰਾਜਾ ਗੁਪਾਲ ਸਿੰਘ ਦੇ ਪਿਛੇ, ਜੋ ਬੇਈਮਾਨ ਦੁਸ਼ਟ ਦਰੋਗੇ ਦੇ ਹੱਥ ਵਿਚ ਕਾਠ ਦੀ ਪੁਤਲੀ ਬਣ ਰਹੇ ਸਨ, ਜਿਨ੍ਹਾਂ ਨੂੰ ਇਸ ਗੱਲ ਦਾ ਕੁਛ ਭੀ ਪਤਾ ਨਹੀਂ ਸੀ ਕਿ ਸਾਡੇ ਘਰ ਵਿਚ ਕੀ ਹੋ ਰਿਹਾ ਹੈ, ਅਤੇ ਓਹਨਾਂ ਦੇ ਕਰਮਚਾਰੀਆਂ ਨੇ ਓਹਨਾਂ ਨੂੰ ਕਿਸ ਜਾਲ ਵਿਚ ਫਸਾ ਰਖਿਆ ਹੈ, ਜਿਸ ਰਾਜੇ ਨੂੰ ਅਪਨੇ ਘਰ ਦੀ ਖਬਰ ਨਹੀਂ ਓਹ ਪਰਜਾ ਦਾ ਕੀ ਭਲਾ ਕਰ ਸਕਦਾ ਹੈ, ਅਜੇਹਾ ਰਾਜਾ ਜੇ ਸੰਕਟ ਵਿਚ ਪੈ ਜਾਵੇ ਤਾਂ ਅਸਚਰਜ ਹੀ ਕੀ ਹੈ ? ਕੇਵਲ ਏਹੋ ਹੀ ਨਹੀਂ ਇਨ੍ਹਾਂ ਦੇ ਦੁਖ ਭੋਗਨ ਦਾ ਇਕ ਹੋਰ ਭੀ ਕਾਰਨ ਹੈ, ਸਿਆਣਿਆਂ ਨੇ ਕਿਹਾ ਹੈ ਕਿ "ਇਸਤ੍ਰੀ" ਅਗੇ ਆਪਣਾ ਭੇਤ ਖੋਹਲਣਾ ਬੁਧਵਾਨਾਂ ਦਾ ਕੰਮ ਨਹੀਂ ਹੈ ਪ੍ਰੰਤੂ ਰਾਜਾ ਗੁਪਾਲ ਸਿੰਘ ਨੇ ਇਸ

ਗੱਲ ਵੱਲ ਕੁਛ ਭੀ ਧਿਆਨ ਨਹੀਂ ਕੀਤਾ ਅਤੇ ਮਾਯਾ ਰਾਣੀ ਦੇ ਪ੍ਰੇਮ ਵਿਚ ਫਸਕੇ ਓਸ ਨੂੰ ਆਪਣੇ ਭੇਤ ਦੱਸ ਕੇ ਆਪ ਨਸ਼ਟ ਹੋ ਗਏ, ਸਰਲ ਸੁਭਾਵ ਹੋਣ ਨਾਲ ਭੀ ਸੰਸਾਰ ਦੇ ਵਿਹਾਰ ਨਹੀਂ ਚਲਦੇ ਕੁਛ ੨ ਰਾਜਨੀਤ ਦਾ ਭੀ ਅਭਯਾਸ ਕਰਨਾ ਪੈਂਦਾ ਹੈ, ਇਸੇ ਤਰਾਂ ਮਹਾਰਾਜ ਸ਼ਿਵਦੱਤ ਨੂੰ ਦੇਖੋ ਕਿ ਖੁਸ਼ਾਮਦੀਆਂ ਨੇ ਰਲ ਕੇ ਓਸ ਨੂੰ ਚੌੜ ਕਰ ਦਿੱਤਾ, ਜੋ ਲੋਕ ਖੁਸ਼ਾਮਦੀਆਂ ਦੇ ਹਥ ਚੜ੍ਹਕੇ ਆਪਣੇ ਆਪ ਨੂੰ ਸਭ ਤੋਂ ਵਡਾ ਮੰਨ ਲੈਂਦੇ ਹਨ ਅੰਤ ਨੂੰ ਜੋ ਦਸ਼ਾ ਓਹਨਾਂ ਦੀ ਹੁੰਦੀ ਹੈ ਓਹੋ ਰਾਜਾ ਸ਼ਿਵਦੱਤ ਦੀ ਹੋਈ, ਦੁਸ਼ਟਾਂ ਦੀ ਗੱਲ ਛਡ ਦੇਵੋ ਉਨ੍ਹਾਂ ਨੂੰ ਤਾਂ ਕੀਤੇ ਕਰਮਾਂ ਦਾ ਡੰਡ ਮਿਲੇਗਾ ਹੀ, ਅਜੇ ਤਾਂ ਮੈਂ ਓਹਨਾਂ ਲੋਕਾਂ ਦੀ ਗਲ ਕਰ ਰਿਹਾ ਹਾਂ ਜੋ ਵਾਸਤਵ ਵਿਚ ਬੁਰੇ ਨਹੀਂ ਸਨ ਪ੍ਰੰਤੂ ਰਾਜਨੀਤੀ ਤੇ ਨਾ ਤੁਰਨ ਕਰਕੇ ਅਤੇ ਕੁਸੰਗਤ ਦੇ ਕਾਰਨ ਸੰਕਟ ਵਿਚ ਪੈ ਗਏ, ਮੈਂ ਜ਼ੋਰ ਨਾਲ ਕਹਿੰਦਾ ਹਾਂ ਕਿ ਭੂਤਨਾਥ ਵਰਗਾ ਨੇਕ, ਦਯਾਵਾਨ ਤੇ ਚਤੁਰ ਅੱਯਾਰ ਘੱਟ ਹੀ ਨਜ਼ਰ ਆਵੇਗਾ ਪ੍ਰੰਤੂ ਲਾਲਚ ਤੇ ਵਿਭਚਾਰ ਵਿਚ ਪੈ ਕੇ ਨਾਸ ਹੋ ਗਿਆ, ਅਜੇਹਾ ਕਿ ਸੰਸਾਰ ਭਰ ਵਿਚੋਂ ਮੂੰਹ ਲੁਕਾਉਣ ਤੇ ਮੁਰਦਾ ਪ੍ਰਗਟ ਹੋਣ ਤੇ ਭੀ ਇਸ ਨੂੰ ਸੁਖ ਪ੍ਰਾਪਤ ਨਹੀਂ ਹੁੰਦਾ, ਜੇ ਇਹ ਉੱਦਮ ਕਰਕੇ ਧਰਮ ਨਾਲ ਰੁਪੱਯਾ ਕੱਠਾ ਕਰਨਾ ਚਾਹੁੰਦਾ ਤਾਂ ਅੱਜ ਇਸ ਦੇ ਧਨ ਦੀ ਕੋਈ ਗਿਣਤੀ ਨਾ ਰਹਿੰਦੀ ਅਤੇ ਜੇ ਇਹ ਵਿਭਚਾਰ ਵਿਚ ਨਾ ਫਸ ਜਾਂਦਾ ਤਾਂ ਇਸ ਦਾ ਘਰ ਦੋਹਤਰੇ ਪੋਤਰਿਆਂ ਨਾਲ ਭਰਿਆ ਹੋਇਆ ਹੁੰਦਾ। ਇਸ ਨੇ ਸੋਚਿਆ ਕਿ ਮੈਂ ਮਾਲਦਾਰ ਹਾਂ, ਚਾਲਾਕ ਅੱਯਾਰ ਹਾਂ, ਵਿਭਚਾਰਨ ਇਸਤ੍ਰੀਆਂ ਦਾ ਆਨੰਦ ਲੈ ਕੇ ਆਰਾਮ ਨਾਲ ਲਾਂਭੇ ਹੋ ਜਾਵਾਂਗਾ ਪ੍ਰੰਤੂ ਹੁਣ ਇਸ ਨੂੰ ਪਤਾ ਲੱਗਾ ਕਿ ਵੇਸਵਾ ਇਸਤ੍ਰੀਆਂ ਅੱਯਾਰਾਂ ਦੇ ਭੀ ਕੰਨ ਕੁਤਰ ਲੈਂਦੀਆਂ ਹਨ, ਜਦ ਇਹ ਨਾਗਰ ਆਦਿਕਾਂ ਦੇ ਵਰਤਾਓ ਨੂੰ ਯਾਦ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.